ੴ ਸਤਿਗੁਰ ਪ੍ਰਸਾਦਿ ॥

MATA GUJRI LIBRARY
G.T.B GURDWARA
103 EAST PARK ROAD
LEICESTER
(0116) 276 05

ਟ੍ਰੈਕਟ ਨੰ: 73

# ਕਿਰਤ ਅਤੇ ਦਾਨ

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ,
ਪਟਿਆਲਾ

| ਮਾਰਚ | ਸੰਮਤ ਖ਼ਾਲਸਾ | ਦੂਜੀ ਵਾਰ |
|---|---|---|
| ੧੯੯੮ | ੨੯੯ | ੨੦,੦੦੦ |

ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜ੍ਹਾਓ ਜੀ ।

## ਗੁਰਮਤਿ ਪ੍ਰਚਾਰ ਸਭਾ ਪਟਿਆਲਾ ਵੱਲੋਂ ਛਪਿਆ ਲਿਟ੍ਰੇਚਰ

1. ਹਰ ਗੁਰਸਿਖ ਦੇ ਪੜ੍ਹਨਯੋਗ ਪੁਸਤਕ 'ਅੰਮ੍ਰਿਤ-ਵੇਲਾ' ਲਿਖਤ ਡਾ: ਤੇਜਿੰਦਰ ਸਿੰਘ ਦੀ ਦਸਵੀਂ ਐਡੀਸ਼ਨ ਭੇਟਾ, ਅੱਧਾ ਮੁੱਲ =12/-
2. ਸਭ ਬੀਮਾਰੀਆਂ ਦਾ ਇਲਾਜ ਪ੍ਰਭੂ-ਨਾਮੁ = 5/-
3. ਰੂਹਾਂ ਸੰਬੰਧੀ ਜਾਣਕਾਰੀ ਦੇਣ ਵਾਲੀ ਅਮਰੀਕਨ ਲੇਖਕਾ ਰੂਥ ਮਾਂਟਗੁਮਰੀ ਦੀ ਲਿਖੀ ਪੁਸਤਕ A World Beyond ਦਾ ਪੰਜਾਬੀ ਵਿਚ ਖੁਲ੍ਹਾ ਉਲਥਾ 'ਅਬਿਨਾਸੀ ਲੀਲਾ' = 7/-
4. ਸਿਮਰਨ ਕਿਦਾਂ ਕਰੀਏ (A Practical Guide) = 5/-
5. ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ = 5/-
6. ਜਪੁਜੀ, ਰਹਿਰਾਸ, ਸੋਹਿਲਾ ਤੇ ਅਰਦਾਸ ਦਾ ਮੋਟੇ ਅੱਖਰਾਂ ਵਾਲਾ ਗੁਟਕਾ ਸ਼ੁਧ ਉਚਾਰਨ ਸੰਕੇਤਾਂ ਸਹਿਤ = 4/-
7. ਜਮਦੂਤ ਛਡਿ ਜਾਹਿ = 2/- 8. ਨਾਮੁ ਸਹਾਈ = 2/-
9. ਵਿਚਿ ਦੁਨੀਆ ਸੇਵਿ ਕਮਾਈਐ = 2/-
10. ਭਰੋਸੇ ਦੀਆਂ ਗੱਲਾਂ = 2.50/-

ਉਪ੍ਰੋਕਤ ਅਤੇ ਹਰ ਮਹੀਨੇ ਵੱਖ-ਵੱਖ ਵਿਸ਼ਿਆਂ ਉਤੇ ਛਪਣ ਵਾਲੇ ਟ੍ਰੈਕਟ 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਭੇਟਾ ਮਨੀ ਆਰਡਰ ਜਾਂ ਬੈਂਕ ਡਰਾਫ਼ਟ ਰਾਹੀਂ ਸ: ਦੀਦਾਰ ਸਿੰਘ C-129, ਵਿਕਾਸ ਕਾਲੋਨੀ, ਪਟਿਆਲਾ ਨੂੰ ਭੇਜੀ ਜਾਏ । ਦਸਤੀ ਆ ਕੇ ਲੈਣ ਲਈ ਗੁਰਸਿੱਖ ਫੁਲਵਾੜੀ ਪਬਲਿਕ ਸਕੂਲ ਗੁਰਬਖਸ਼ ਕਾਲੋਨੀ ਗਲੀ ਨੰ: 6 ਜਾਂ ਸ: ਚਰਨ ਸਿੰਘ ਐਂਡ ਸੰਨਜ਼, ਸ਼ੇਰੇ ਪੰਜਾਬ ਮਾਰਕੀਟ, ਪਟਿਆਲਾ ਤੋਂ ਆ ਕੇ ਲੈ ਸਕਦੇ ਹੋ ।

ਹਰ ਮਹੀਨੇ ਵੱਖ-ਵੱਖ ਛਪਣ ਵਾਲੇ ਟ੍ਰੈਕਟ 50/- ਰੁ: ਸੈਂਕੜਾ ਦੇ ਹਿਸਾਬ ਨਾਲ ਉਪਰਲੇ ਪਤੇ ਤੋਂ ਮੰਗਵਾ ਸਕਦੇ ਹੋ ।

ਪ੍ਰਾਰਥਕ !

Designed at : A.S. COMPUTER GRAPHICS, GURBAX COLONY, PATIALA

# ਕਿਰਤ ਅਤੇ ਦਾਨ

ਕਿਰਤਾ ਤਾਂ ਅਸੀਂ ਸਾਰੇ ਹੀ ਕਰਦੇ ਹਾਂ ਪਰ ਵੀਚਾਰਨ ਵਾਲੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਦੀ ਕਿਰਤ ਸਾਨੂੰ ਗੁਰੂ ਪਾਤਸ਼ਾਹ ਨੇ ਸੁਲਤਾਨਪੁਰ ਮੋਦੀ ਖਾਨੇ ਵਿਚ ਆਪ ਕਰਕੇ ਦਿਖਾਈ ਅਤੇ ਸਾਨੂੰ ਕਰਨ ਨੂੰ ਸਮਝਾਈ ਸੀ, ਉਸ ਵਲ ਅਸੀਂ ਕਿੰਨ੍ਹਾ ਕੁ ਧਿਆਨ ਦਿੰਦੇ ਹਾਂ ?

ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾ: ਸਾਹਿਬ ਭਾ: ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿਚ ਗੁਰੂ ਦਰਸਾਏ ਤਰੀਕੇ ਅਨੁਸਾਰ ਕਿਰਤ ਬਾਰੇ ਇਉਂ ਲਿਖਦੇ ਹਾਂ :-

*ਚੌਰਾਸੀ ਲੱਖ ਜੋਨਿ ਵਿਚ, ਉਤਮ ਜਨਮ ਸੋ ਮਾਨੁਸ ਦੇਹੀ ।*
*ਅਖੀਂ ਵੇਖਣ ਕਰਨ ਸੁਨ, ਮੁਖ ਸ਼ੁਭ ਬੋਲਣ ਬਚਨ ਸਨੇਹੀ ।*
*ਹਥੀਂ ਕਾਰ ਕਮਾਵਣੀ, ਪੈਰੀਂ ਚਲ ਸਤਿਸੰਗ ਮਿਲੇਹੀ ।*
*ਕਿਰਤ ਵਿਰਤ ਕਰ ਧਰਮ ਦੀ, ਖਟ ਖਵਾਲਣ ਕਾਰ ਕਰੇਹੀ ।*

ਇਨ੍ਹਾਂ ਉਪਰਲੀਆਂ ਪੰਗਤੀਆਂ ਅਤੇ :-

''*ਘਾਲ ਖਾਹਿ ਸੁਕ੍ਰਿਤ ਕਰੈ*''

ਤੋਂ ਸਪਸ਼ਟ ਹੁੰਦਾ ਹੈ ਕਿ ਅਸੀਂ ਉਪਜੀਵਕਾ ਲਈ ਜੋ ਵੀ ਕਿਰਤ ਕਰਨੀ ਹੈ ਉਹ ਮਿਹਨਤ ਨਾਲ- ਖੱਟ ਕੇ, ਧਰਮ ਦੀ

ਕਿਰਤ ਕਰਨੀ ਹੈ। ਇਸ ਗੁਰ ਆਸ਼ੇ ਨੂੰ ਸਾਹਮਣੇ ਰੱਖਦਿਆਂ ਆਓ ਅੱਜ ਅਸੀਂ ਆਪੋ ਆਪਣੀ ਕਿਰਤ ਵਲ ਝਾਤ ਮਾਰੀਏ ਕਿ ਕਿਰਤ ਕਰਦਿਆਂ ਕਿਧਰੇ ਅਸੀਂ ਧਰਮ ਦਾ ਲੜ ਤਾਂ ਛੱਡ ਨਹੀਂ ਰਹੇ ?

ਕਿਧਰੇ ਝੂਠ-ਚਾਲਾਕੀ, ਹੇਰਾ-ਫੇਰੀ, ਬੇਈਮਾਨੀ, ਰਿਸ਼ਵਤ ਲੈ ਦੇ ਕੇ ਅਤੇ ਮਿਲਾਵਟ ਆਦਿ ਕਰ-ਕਰ ਕੇ ਆਪਣੀ ਬਿਰਤੀ ਪਾਸਕੂ ਵਾਲੀ ਤਾਂ ਨਹੀਂ ਬਣਾ ਲਈ ਹੈ ਜਾਂ ਬਣੇ ਰਹੇ ਹਾਂ ?

ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਾਇਆ ਦਾ ਹੋਣਾ ਤਾਂ ਜ਼ਰੂਰੀ ਹੈ ਜਿਸ ਕਰਕੇ ਹੀ ਗੁਰੂ ਪਾਤਸ਼ਾਹ ਨੇ 'ਮਾਇਆ ਗੁਜ਼ਰਾਨ'' ਕਿਹਾ ਸੀ ਅਤੇ ਧਰਮ ਦੀ ਕਿਰਤ ਨਾਲ ਗੁਜ਼ਰਾਨ ਜੋਗੀ ਮਾਇਆ ਪ੍ਰਾਪਤ ਹੋ ਹੀ ਜਾਂਦੀ ਹੈ। ਪਰ ਜੇ ਬੈਂਕਾਂ ਦੇ ਖਾਤੇ ਭਰਨੇ ਹੋਣ (ਵਧਾਉਣੇ ਹੋਣ) ਤਾਂ ਉਸ ਲਈ ਪਾਪਾਂ ਭਰੀ ਕਿਰਤ ਕਰਨੀ ਹੀ ਪੈਂਦੀ ਹੈ। ਇਸ ਪਰਥਾਏ ਗੁਰੂ ਵਾਕ ਵੀ ਹੈ :-

*ਪਾਪਾ ਬਾਝਹੁ ਹੋਵੈ ਨਾਹੀ*

*ਮੁਇਆ ਸਾਥ ਨ ਜਾਈ ॥*

ਝੂਠ ਬੋਲ-ਬੋਲ ਕੇ ਅਤੇ ਕਈ ਤਰ੍ਹਾਂ ਦੇ ਪਾਪਾਂ ਨਾਲ ਮਾਇਆ ਇਕੱਠੀ ਕਰਨ ਵਾਲਿਆਂ ਨੂੰ ਸਮਝਾਉਂਦਿਆਂ ਗੁਰੂ ਪਾਤਸ਼ਾਹ ਕਹਿੰਦੇ ਹਨ :-

ਬਹੁ ਪਰਪੰਚ ਕਰਿ ਪਰ ਧਨ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥
ਮਨ ਮੇਰੇ ਭੂਲੇ ਕਪਟੁ ਨ ਕੀਜੈ ॥
ਅੰਤ ਨਿਬੇਰਾ ਤੇਰੇ ਜੀਅ ਪਹਿ ਲੀਜੈ ॥
ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥
ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥

ਅਰਥ - ਹੇ ਮੇਰੇ ਭੁਲੇ ਹੋਏ ਮਨ! (ਰੋਜ਼ੀ ਦੀ ਖ਼ਾਤਰ ਕਿਸੇ ਨਾਲ) ਧੋਖਾ ਫਰੇਬ ਨ ਕਰਿਆ ਕਰ। ਕਿਉਂਕਿ ਆਖਰ ਨੂੰ (ਇਨ੍ਹਾਂ ਮੰਦੇ ਕਰਮਾਂ ਦਾ) ਲੇਖਾ ਤੇਰੀ ਆਪਣੀ ਜਿੰਦ ਤੋਂ ਹੀ ਲਿਆ ਜਾਣਾ ਹੈ।

ਕਈ ਤਰ੍ਹਾਂ ਦੀਆਂ ਠੱਗੀਆਂ ਕਰਕੇ ਤੂੰ ਪਰਾਇਆ ਮਾਲ ਲਿਆਂਉਂਦਾ ਹੈਂ ਅਤੇ ਲਿਆ ਕੇ ਆਪਣੇ ਪੁਤਰ ਤੇ ਵਹੁਟੀ ਦੇ ਹਵਾਲੇ ਕਰ ਦੇਂਦਾ ਹੈਂ। (ਵੇਖ! ਇਨ੍ਹਾਂ ਠੱਗੀਆਂ ਵਿਚ) ਸਹਿਜੇ -ਸਹਿਜੇ ਤੇਰਾ ਆਪਣਾ ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਹੈ: ਬੁਢੇਪੇ ਦੀਆਂ ਨਿਸ਼ਾਨੀਆਂ ਆ ਰਹੀਆਂ ਹਨ (ਜਦੋਂ ਤੂੰ ਬੁੱਢਾ ਹੋ ਗਿਆ ਤੇ ਹਿਲਣ ਜੋਗਾ ਨਾਂਹ ਰਿਹਾ) ਤਦੋਂ (ਇਨ੍ਹਾਂ ਵਿਚੋਂ, ਜਿਨ੍ਹਾਂ ਦੀ ਖ਼ਾਤਰ ਤੂੰ ਠੱਗੀ ਮਾਰਦਾ ਹੈਂ) ਕਿਸੇ ਨੇ ਤੇਰੇ ਬੁੱਕ ਵਿੱਚ ਪਾਣੀ ਵੀ (ਖੁਸ਼ੀ ਨਾਲ) ਨਹੀਂ ਪਾਉਣਾ।

ਪ੍ਰਿੰ: ਸਾਹਿਬ ਸਿੰਘ ਜੀ ਇਹ ਅਰਥ ਕਰਕੇ ਥਲੇ ਨੋਟ ਦੇਂਦਿਆਂ ਲਿਖਦੇ ਹਨ, "ਕਾਰ ਵਿਹਾਰ ਵਿਚ ਠੱਗੀ ਆਦਿ ਕਰਨੀ ਭਾਰੀ ਮੂਰਖਤਾ ਹੈ। ਜਿਨ੍ਹਾਂ ਪੁਤਰ-ਇਸਤ੍ਰੀ ਆਦਿ ਲਈ ਮਨੁੱਖ ਠੱਗੀ-ਚੋਰੀ ਕਰਦਾ ਹੈ, ਅੰਤ ਵੇਲੇ ਸਾਥ ਨਿਭਾਉਣਾ ਤਾਂ ਕਿਤੇ ਰਿਹਾ, ਬੁਢੇਪਾ ਆਇਆਂ ਹੀ ਉਹ ਖੁਸ਼ ਹੋ ਕੇ ਪਾਣੀ ਦਾ ਘੁਟ ਵੀ ਨਹੀਂ ਦੇਂਦੇ।"

ਗੁਰੂ ਨਾਨਕ ਪਾਤਸ਼ਾਹ ਸੁਲਤਾਨਪੁਰ ਜਦ 'ਮੋਦੀ' ਦੇ ਰੂਪ ਵਿਚ ਕੰਮ ਕਰਦੇ ਹੁੰਦੇ ਸਨ ਤਾਂ ਇਕ ਵਾਰ ਪਿਤਾ ਕਾਲੂ ਜੀ ਨੇ ਆ ਕੇ ਪੁਛਿਆ ਕਿ ਕਿੰਨ੍ਹੀ ਕੁ ਮਾਇਆ ਜੋੜੀ ਹੈ ?

ਆਪ ਨੇ ਉਤਰ ਦੇਂਦਿਆਂ ਕਿਹਾ ਕਿ ਪਿਤਾ ਜੀ ! ਮਾਇਆ ਮੇਰੇ ਹੱਥਾਂ ਵਿਚ ਟਿਕਦੀ ਨਹੀਂ। ਇਧਰੋਂ ਆਉਂਦੀ ਤੇ ਉਧਰ (ਗਰੀਬ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨ ਤੇ ਖਰਚ) ਹੋ ਜਾਂਦੀ ਹੈ।

ਮਲਕ ਭਾਗੋ ਨੂੰ ਸਮਝਾਉਂਦਿਆਂ ਗੁਰੂ ਪਾਤਸ਼ਾਹ ਨੇ ਕਿਹਾ ਸੀ ਕਿ ਕਿਕਰ ਦੇ ਬੀਜ ਨੂੰ ਕੰਡੇ ਨਹੀਂ ਹੁੰਦੇ ਪਰ ਜਦੋਂ ਉਹ ਬੀਜ ਦਿਓ, ਬੂਟਾ ਉਗ ਪਵੇ ਤਾਂ ਕੰਡੇ ਤੇ ਸੂਲਾਂ ਨਿਕਲ ਆਉਂਦੀਆਂ ਹਨ।

ਕੁਝ ਇਸੇ ਤਰ੍ਹਾਂ ਹੀ ਦੂਜੇ ਦਾ ਹੱਕ ਮਾਰ ਕੇ ਬੇਈਮਾਨੀ ਦੀ

ਕਮਾਈ, ਝੂਠ, ਹੇਰਾ-ਫੇਰੀ ਜਾਂ ਰਿਸ਼ਵਤ ਦੀ ਕਮਾਈ ਨਾਲ ਇਕੱਠਾ ਕੀਤਾ ਧਨ ਅਤੇ ਅੱਗੋਂ ਉਸ ਧਨ ਨਾਲ ਇਕੱਠੇ ਕੀਤੇ ਪਦਾਰਥ ਵੇਖਣ ਨੂੰ ਦੁਖਦਾਈ ਨਹੀਂ ਪ੍ਰਤੀਤ ਹੁੰਦੇ। ਪਰ ਜਦੋਂ ਖਾਧੇ ਜਾਂਦੇ ਹਨ, ਵਰਤੋਂ ਵਿਚ ਲਿਆਏ ਜਾਂਦੇ ਹਨ ਤਾਂ ਉਹ ਦੁਖ ਦੇਂਦੇ ਹਨ, ਦੁਖ ਦਾ ਕਾਰਨ ਬਣਦੇ ਹਨ।

ਅਜਿਹੇ ਪਦਾਰਥਾਂ ਦੇ ਖਾਣ ਵਾਲੇ ਦਾ ਮਨ (ਹਿਰਦਾ) ਮੈਲਾ ਹੋ ਜਾਂਦਾ ਹੈ। ਫਿਰ ਮਨ ਦੇ ਫੁਰਨੇ-ਵੀਚਾਰ ਮੈਲੇ, ਅਤੇ ਮੈਲੇ ਵੀਚਾਰਾਂ ਨਾਲ ਕੀਤੇ ਕਰਮ (ਕੰਮ) ਵੀ ਮੈਲੇ। ਫਿਰ ਇਸ ਮੈਲੇ ਮਨ ਵਿਚ ਪ੍ਰਭੂ ਦੀ ਯਾਦ ਕਿੱਥੇ ? ਪ੍ਰਭੂ ਦਾ ਸਿਮਰਨ ਕਿਥੇ ? ਗੁਰੂ ਸਾਹਿਬ ਕਹਿੰਦੇ ਹਨ :-

*ਮਨ ਮੈਲੇ ਸਭ ਕਿਛ ਮੈਲਾ ॥*
*ਤਨ ਧੋਤੇ ਮਨ ਹਛਾ ਨਾਹ ਹੋਇ ॥*

**ਭਾਵ** - ਜਿਸ ਦਾ ਮਨ ਮੈਲਾ ਹੈ ਉਸ ਦਾ ਸਭ ਕੁਝ, (ਸਭ ਕੰਮ ਮੈਲੇ, ਅਤੇ ਨਿਰਾ ਤਨ ਧੋਣ ਨਾਲ (ਤੀਰਥਾਂ ਉਤੇ) ਮਨ ਸਾਫ਼ ਨਹੀਂ ਹੁੰਦਾ। ਜਿਵੇਂ :-

*ਤੀਰਥ ਨਾਤਾ ਕਿਆ ਕਰੇ*
*ਮਨ ਮਹਿ ਮੈਲ ਗੁਮਾਨ ?*

ਅਤੇ *ਤੀਰਥ ਨਾਇ ਨ ਉਤਰਸ ਮੈਲ।*

ਅਤੇ *ਅੰਤਰ ਮੈਲ ਜੇ ਤੀਰਥ ਨਾਵੈ*

*ਤਿਸ ਬੈਕੁੰਠ ਨ ਜਾਨਾ ॥*

ਵਰਗੇ ਅਨੇਕ ਗੁਰ-ਵਾਕ ਸਾਡੀ ਅਗਵਾਈ ਲਈ ਗੁਰਬਾਣੀ 'ਚ ਲਿਖੇ ਮਿਲਦੇ ਹਨ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਨਿਰਾ ਬਾਹਿਰ (ਸਰੀਰ) ਦੇ ਇਸ਼ਨਾਨ ਕਰਨ ਨਾਲ ਮਨ ਦੀ ਮੈਲ ਨਹੀਂ ਧੋਤੀ ਜਾ ਸਕਦੀ। ਗੁਰੂ ਮਹਾਰਾਜ ਪੰਨਾ ੧੪੦ ਉਤੇ ਲਿਖਦੇ ਹਨ :

*ਜੇ ਰਤੁ ਲਗੈ ਕਪੜੈ, ਜਾਮਾ ਹੋਇ ਪਲੀਤੁ ॥*

*ਜੋ ਰਤੁ ਪੀਵਹਿ ਮਾਣਸਾ, ਤਿਨ ਕਉ ਨਿਰਮਲੁ ਚੀਤੁ ॥*

**ਭਾਵ** - ਜੇ ਜਾਮੇ (ਕਪੜੇ) ਨੂੰ ਲਹੂ ਲੱਗ ਜਾਏ ਤਾਂ ਉਹ ਪਲੀਤ (ਗੰਦਾ) ਹੋ ਜਾਂਦਾ ਹੈ ਤੇ ਉਸ ਪਲੀਤ ਗੰਦੇ ਲਹੂ ਲੱਗੇ ਕਪੜੇ ਨਾਲ ਨਿਮਾਜ਼ ਨਹੀਂ ਪੜੀ ਜਾ ਸਕਦੀ (ਰਬ ਦਾ ਨਾਂ ਨਹੀ ਲਿਆ ਜਾ ਸਕਦਾ) ਪਰ ਜੋ ਬੰਦੇ ਮਨੁੱਖਾਂ ਦਾ ਲਹੂ ਪੀਂਦੇ ਹਨ (ਭਾਵ ਧੱਕਾ ਕਰਕੇ, ਹਰਾਮ ਦੀ, ਠੱਗੀ ਦੀ ਕਮਾਈ, ਰਿਸ਼ਵਤ ਖਾਂਦੇ ਹਨ) ਉਨ੍ਹਾਂ ਦੇ ਮਨ ਕਿਸ ਤਰ੍ਹਾਂ ਪਾਕ (ਸਾਫ਼-ਪਵਿਤ੍ਰ) ਰਹਿ ਸਕਦੇ ਹਨ ? (ਭਾਵ ਉਹ ਮਨ ਪਵਿਤ੍ਰ ਨਹੀਂ ਰਹਿ ਸਕਦੇ ਅਤੇ ਇਸ ਤਰ੍ਹਾਂ ਅਪਵਿਤ੍ਰ ਮਨ ਨਾਲ ਪੜ੍ਹੀ ਨਿਮਾਜ਼ (ਰਬ ਦਾ ਨਾਂ ਲੈਣਾ) ਕਿਵੇਂ ਪਰਵਾਨ ਹੋ ਸਕਦਾ ਹੈ ? ਭਾਵ ਨਹੀਂ ਹੋ ਸਕਦਾ।

ਇਸ ਕਰਕੇ ਗੁਰੂ ਪਾਤਸ਼ਾਹ ਸਾਨੂੰ ਸਮਝਾਉਂਦਿਆਂ ਕਹਿੰਦੇ ਹਨ :-

*ਨਾਨਕ, ਨਾਉ ਖੁਦਾਇ ਕਾ*
*ਦਿਲਿ ਹਛੈ ਮੁਖਿ ਲੇਹੁ ॥*
*ਅਵਰਿ ਦਿਵਾਜੇ ਦੁਨੀ ਕੇ*
*ਝੂਠੇ ਅਮਲ ਕਰੇਹੁ ॥*

**ਭਾਵ** - ਹੇ ਨਾਨਕ ! ਰੱਬ ਦਾ ਨਾਂ ਮੂੰਹੋਂ, ਸਾਫ਼ ਦਿਲ ਨਾਲ ਲੈ। (ਇਸ ਤੋਂ ਬਗੈਰ) ਹੋਰ (ਧਰਮ ਦੇ) ਕੰਮ ਦੁਨੀਆ ਵਾਲੇ ਦਿਖਾਵੇ ਦੇ ਹੀ ਹਨ (ਜਿਨ੍ਹਾਂ ਦਾ ਕੋਈ ਲਾਭ ਨਹੀਂ)

ਇਸ ਤਰ੍ਹਾਂ ਗਲਤ ਕਮਾਈ ਕਰ-ਕਰ ਕੇ ਬਣੇ ਅਮੀਰ, ਦਿਖਾਵੇ ਦੇ ਧਾਰਮਕ ਕੰਮ, ਅਖੰਡ ਪਾਠ ਕਰਾਉਣ, ਲੰਗਰ ਆਦਿ ਵਿਚ ਅਧਿਕ ਧਨ-ਪਦਾਰਥ ਦੇਣ, ਧਾਰਮਿਕ ਅਸਥਾਨਾਂ ਵਿਚ ਕਮਰੇ ਪਵਾ ਕੇ ਆਪਣੇ ਨਾਂ ਦੇ ਪਥਰ (ਸਿਲਾ) ਲਗਵਾ ਕੇ ਜੇ ਸਮਝਦੇ ਹੋਣ ਕਿ ਉਨ੍ਹਾਂ ਦੀ ਮਾਇਆ ਸਫ਼ਲ ਹੋ ਰਹੀ ਹੈ ਜਾਂ ਉਹ ਪੁੰਨ ਖੱਟ ਰਹੇ ਹਨ ਤਾਂ ਉਨ੍ਹਾਂ ਨੂੰ ਗੁਰੂ ਪਾਤਸ਼ਾਹ ਦੇ ਕਹੇ ਬੋਲ ਚੇਤੇ ਕਰਾਉਂਦੇ ਹਨ :-

*ਮਾਰਣ ਪਾਹਿ ਹਰਾਮ ਮਹਿ*
*ਹੋਇ ਹਲਾਲੁ ਨ ਜਾਇ ॥*

**ਭਾਵ** - ਹਰਾਮ ਦੇ ਮਾਲ ਵਿਚ (ਗੱਲਾਂ-ਬਾਤਾਂ ਜਾਂ ਬਹਿਸ ਆਦਿ

ਕਰਨ) ਦੇ ਮਸਾਲੇ ਪਾਉਣ ਨਾਲ ਉਹ ਹੱਕ ਦਾ ਮਾਲ ਨਹੀ ਬਣ ਜਾਂਦਾ। ਗੁਰੂ ਸਾਹਿਬ ਜਿਥੇ ਕਹਿੰਦੇ ਹਨ :-

*ਘਾਲਿ ਖਾਇ ਕਿਛੁ ਹਥਹੁ ਦੇਇ ॥*

*ਨਾਨਕ ਰਾਹੁ ਪਛਾਣਹਿ ਸੇਇ ॥*

ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਇਸ ਦੇ ਅਰਥ ਕਰਦੇ ਹਨ ਕਿ ਜੋ ਮਿਹਨਤ ਨਾਲ ਕਮਾਉਂਦੇ ਹਨ (ਧਰਮ ਦੀ ਕਿਰਤ ਕਰਕੇ) ਅਤੇ ਆਪਣੀ ਉਸ ਕਮਾਈ ਵਿਚੋਂ ਵਾਹਿਗੁਰੂ ਅਰਥ (ਦਸਵੰਧ) ਦਿੰਦੇ ਹਨ ਉਹ ਸਚੇ ਰਸਤੇ ਦੇ ਜਾਣਨ ਵਾਲੇ ਹਨ।

*ਨਾਨਕ, ਅਗੈ ਸੋ ਮਿਲੈ*

*ਜਿਹ ਖਟੇ ਘਾਲੇ ਦੇਇ ॥*

**ਭਾਵ** - ਗੁਰੂ ਸਾਹਿਬ ਕਹਿੰਦੇ ਹਨ ਕਿ ਅਗੇ ਤਾਂ ਮਨੁੱਖ ਨੂੰ ਉਹੋ ਕੁਝ ਮਿਲਦਾ ਹੈ ਜੋ ਖਟਦਾ ਹੈ - ਕਮਾਉਂਦਾ ਹੈ ਤੇ (ਹੱਥੀਂ) ਦੇਂਦਾ ਹੈ। (ਕਿਸੇ ਦਾ ਅਪੜਾਇਆ ਨਹੀ ਮਿਲਦਾ)

ਗੁਰਪ੍ਰਤਾਪ ਸੂਰਯ ਅਨੁਸਾਰ :-

*ਧਰਮ ਕਿਰਤ ਕਰਿ ਦਰਬ ਕਮਾਵੈ*

*ਬਾਂਟ ਅਤਿਥਿਨ ਕੋ ਪੁਨ ਖਾਵੈ ॥*

ਰਹਤਨਾਮਾ ਭਾ: ਨੰਦ ਲਾਲ ਜੀ ਅਨੁਸਾਰ :-

ਦਸ ਨਖ ਕਰ ਜੋ ਕਾਰ ਕਮਾਵੈ ॥
ਤਾਂ ਕਰ ਜੋ ਧਨ ਘਰ ਮੈ ਆਵੈ ॥
ਤਿਸ ਕੇ ਗੁਰ ਦਸੌਂਧ ਜੋ ਦਈ ॥
ਸਿੰਘ ਸੁਜਸ ਬਹੁ ਜਗ ਮਹਿ ਲਈ ॥

ਇਸ ਤਰ੍ਹਾਂ ਗੁਰਦੁਆਰਿਆਂ ਅਤੇ ਹੋਰ ਧਾਰਮਿਕ ਅਸਥਾਨਾਂ ਜਾਂ ਧਰਮ ਕਾਰਜਾਂ ਲਈ ਸੇਵਾ ਦੇਣੀ ਅਤੇ ਲੰਗਰ ਆਦਿ ਵਿਚ ਯੋਗ ਸੇਵਾ ਪਾਉਣਾ ਬੜੀ ਚੰਗੀ ਤੇ ਜ਼ਰੂਰੀ ਗਲ ਹੈ ਪਰ ਜੇ ਨੇਕ ਕਮਾਈ ਵਿਚੋਂ ਪਾਈ (ਕੀਤੀ) ਜਾਏ ਤਾਂ !

ਇਹ ਗੁਰੂ ਪਾਤਸ਼ਾਹ ਦੀ ਹੀ ਹਿੰਮਤ ਸੀ ਜਿਨ੍ਹਾਂ ਨੇ ਮਲਕ ਭਾਗੋ ਦੇ ਅਯੋਗ ਤਰੀਕੇ ਨਾਲ ਕਮਾਏ ਧਨ ਨੂੰ ਸਭ ਦੇ ਸਾਹਮਣੇ ਭੰਡਿਆ ਅਤੇ ਨੇਕ ਕਮਾਈ ਕਰਨ ਵਾਲੇ ਭਾ: ਲਾਲੋ ਨੂੰ ਸਤਿਕਾਰਆ ਅਤੇ ਸਾਨੂੰ ਯੋਗ ਸੇਧ ਦਿੱਤੀ ਜਿਸ ਦਾ ਸਦਕਾ ਸਾਡੇ ਪੁਰਾਤਨ ਸਿੰਘ, ਆਗੂ ਪ੍ਰਬੰਧਕ ਜਿਥੇ ਧਰਮ ਕਾਰਜਾਂ ਲਈ ਮਾਇਆ ਦੀ ਅਪੀਲ ਸਮੇਂ 'ਨੇਕ-ਕਮਾਈ ਵਿਚੋਂ' 'ਧਰਮ ਦੀ ਕਮਾਈ ਵਿਚੋਂ' ਲਫਜ਼ਾਂ ਨੂੰ ਜ਼ੋਰ ਦੇ ਕੇ 'ਤਿਲ-ਫੁਲ' ਹਿਸਾ ਪਾਉਣ ਲਈ ਕਿਹਾ ਕਰਦੇ ਸਨ ਉਥੇ ਕਈ ਮਹਾਂਪੁਰਸ਼ ਐਸੇ ਵੀ ਹੋਏ ਹਨ ਜੋ ਨੇਕ ਕਿਰਤ ਨਾਂਹ ਕਰਨ ਵਾਲਿਆਂ ਦੀ ਮਾਇਆ ਗੁਰੂ ਘਰ ਦੀ ਸੇਵਾ ਲਈ ਜਾਂ ਆਪਣੇ ਡੇਰੇ ਵਿਚ ਵਰਤਣਾ

ਪਰਵਾਨ ਹੀ ਨਹੀਂ ਸਨ ਕਰਿਆ ਕਰਦੇ।

ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ, ਜਿਨਾਂ ਨੇ ਲਗਭਗ ੭੦ ਸਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਨਿਸ਼ਕਾਮ ਕੀਰਤਨ ਦੀ ਸੇਵਾ ਕੀਤੀ, ਬੜੀ ਉਚੀ ਆਤਮਕ ਅਵਸਥਾ ਅਤੇ ਕਰਨੀ ਕਮਾਈ ਵਾਲੇ ਪੁਰਸ਼ ਸਨ। ਮੱਥਾ ਟਿਕਾਉਣਾ ਤਾਂ ਇਕ ਪਾਸੇ ਰਿਹਾ, ਆਪ-ਆਪਣੇ ਚਰਨਾਂ ਨੂੰ ਵੀ ਕਿਸੇ ਨੂੰ ਛੋਹਣ ਨਹੀਂ ਸਨ ਦਿਆ ਕਰਦੇ।

ਉਨ੍ਹਾਂ ਦੀ ਜੀਵਨੀ ਲਿਖਣ ਵਾਲੇ ਮੇਜਰ ਪ੍ਰੇਮ ਸਿੰਘ ਜੀ ਨੇ ਆਪਣੀ ੧੮ ਸਾਲ ਦੀ ਉਮਰ ਵਿਚ ਅੱਖੀਂ ਵੇਖੀ ਵਾਰਤਾ ਇਸ ਤਰ੍ਹਾਂ ਲਿਖੀ ਹੈ ਕਿ ਸੰਤ ਬਾਬਾ ਜੀ ਇਕ ਦਿਨ ਸ਼ਾਮ ਨੂੰ ਜਦ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੇ ਸਨ ਤਾਂ ਉਸ ਸਮੇਂ ਡੇਰੇ ਦੇ ਕਈ ਸੇਵਾਦਾਰ ਵੀ, ਲੇਖਕ ਸਣੇ, ਉਨ੍ਹਾਂ ਦੇ ਨਾਲ ਸਨ।

ਸੰਤ ਜੀ ਦਰਸ਼ਨੀ ਦਰਵਾਜੇ ਅੱਗੇ ਬੈਠ ਕੇ ਜਦ ਮੱਥਾ ਟੇਕਣ ਲੱਗੇ ਤਾਂ ਇਕ ੧੬ ਕੁ ਸਾਲਾਂ ਦੇ ਨੌਜੁਆਨ ਨੇ ਉਨਾਂ ਦੇ ਪਿਛਲੇ ਪਾਸਿਓਂ ਉਨਾਂ ਦੇ ਚਰਨਾਂ ਨੂੰ ਹੱਥ ਲਾਇਆ ਅਤੇ ਹੱਥ ਲਾ ਕੇ ਦੁਖ ਭੰਜਨੀ ਬੇਰੀ ਵਲ ਦੌੜ ਪਿਆ।

ਸੰਤ ਬਾਬਾ ਜੀ ਨੇ ਬਚਨ ਕੀਤਾ ਕਿ ਜਿਸ ਲੜਕੇ ਨੇ

ਗੁਲਾਮ ਦੇ ਪੈਰਾਂ ਨੂੰ (ਸੰਤ ਜੀ ਆਪਣੇ ਆਪ ਨੂੰ ਗੁਲਾਮ ਕਿਹਾ ਕਰਦੇ ਸਨ) ਹੱਥ ਲਾਇਆ ਹੈ ਉਸ ਨੂੰ ਪਕੜ ਕੇ ਲਿਆਓ ਤੇ ਇਹ ਕਹਿ ਕੇ ਆਪ ਉਥੇ ਹੀ ਬੈਠ ਗਏ।

ਕੁਝ ਸੇਵਾਦਾਰਾਂ ਨੂੰ ਉਸ ਲੜਕੇ ਦੇ ਪਿਛੇ ਦੁੜਾਇਆ ਗਿਆ ਜੋ ਅੱਧੇ ਕੁ ਘੰਟੇ ਮਗਰੋਂ ਉਸ ਨੂੰ ਲੱਭ ਕੇ ਲੈ ਆਏ। ਜਦ ਲੜਕੇ ਨੂੰ ਸੰਤਾਂ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਆਪ ਨੇ ਉਸ ਦੇ ਦੋਨਾਂ ਪੈਰਾਂ ਨੂੰ ਆਪਣੇ ਹੱਥਾਂ ਨਾਲ ਪਕੜ ਕੇ ਆਪਣੇ ਮਸਤਕ ਨਾਲ ਲਾਇਆ ਅਤੇ ਉਸ ਪ੍ਰਤੀ ਬਚਨ ਕੀਤਾ ਕਿ-ਕੀ ਫਿਰ ਤੂੰ ਇਸ ਗੁਲਾਮ ਦੇ ਪੈਰਾਂ ਨੂੰ ਹੱਥ ਲਾਏਂਗਾ?

ਉਸ ਲੜਕੇ ਨੇ ਕੰਨਾਂ ਨੂੰ ਹੱਥ ਲਾ ਕੇ ਮਾਫ਼ੀ ਮੰਗੀ ਅਤੇ ਇਕਰਾਰ ਕੀਤਾ ਕਿ ਅੱਗੋਂ ਐਸਾ ਕੰਮ ਨਹੀਂ ਕਰਾਂਗਾ ਤਾਂ ਸੰਤ ਜੀ ਸਾਰੇ ਪ੍ਰੇਮੀਆਂ ਸਮੇਤ ਉਥੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਤੁਰੇ। ਇਹ ਵਾਰਤਾ ੧੯੨੨ ਈਸਵੀ ਦੀ ਹੈ ਜਦ ਕਿ ਆਪ ਜੀ ਦੀ ਉਮਰ ਲਗਭਗ ੧੧੯ ਸਾਲ ਦੀ ਸੀ।

ਐਸੇ ਨਿਮ੍ਰਤਾ ਦੇ ਪੁੰਜ ਮਹਾਂਪੁਰਸ਼ਾਂ ਦੀ, ਅਧਰਮ ਦੀ ਕਮਾਈ ਬਾਰੇ ਇਕ ਵਾਰਤਾ ਉਦੋਂ ਦੀ ਲਿਖੀ ਮਿਲਦੀ ਹੈ ਜਦ ਆਪ ਅੰਮ੍ਰਿਤਸਰ ਦੀ ਇਕ ਧਰਮਸ਼ਾਲਾ ਦੇ ਉਪਰਲੇ ਕਮਰੇ ਵਿਚ ਨਿਵਾਸ ਰਖਦੇ ਹੁੰਦੇ ਸਨ।

ਇਕ ਦਿਨ ਆਪ ਆਪਣੇ ਕੋਲ ਬੈਠੇ ਇਕ ਸੇਵਕ ਬਾਬੂ ਦੇਵਾ ਸਿੰਘ ਨੂੰ ਕਹਿਣ ਲੱਗੇ ਕਿ ਇਕ ਆਦਮੀ ਪੌੜੀਆਂ ਤੋਂ ਉਪਰ ਆਉਣ ਲੱਗਾ ਹੈ, ਉਸ ਨੂੰ ਕਹੋ ਕਿ ਉਪਰ ਨ ਆਵੇ। ਉਸ ਦੇ ਉਪਰ ਆਉਣ ਦੀ ਲੋੜ ਨਹੀਂ।

ਬਾਬੂ ਜੀ ਜਦ ਪੌੜੀਆਂ ਉਤਰਨ ਲੱਗੇ ਤਾਂ ਉਨ੍ਹਾਂ ਨੂੰ ਹੇਠੋਂ ਇਕ ਆਦਮੀ ਪੌੜੀਆਂ ਉਪਰ ਚੜ੍ਹਦਾ ਨਜ਼ਰ ਪਿਆ। ਉਸ ਦੇ ਹੱਥਾਂ ਵਿਚ ਇਕ ਪੋਟਲੀ ਫੜੀ ਹੋਈ ਸੀ। ਬਾਬੂ ਜੀ ਨੇ ਉਸ ਨੂੰ ਕਿਹਾ ਕਿ ਤੈਨੂੰ ਸੰਤਾਂ ਵਲੋਂ ਉਪਰ ਆਉਣ ਦੀ ਆਗਿਆ ਨਹੀਂ।

ਉਹ ਆਦਮੀ ਕਹਿਣ ਲੱਗਾ ਕਿ ਮੈਂ ਸੰਤਾਂ ਵਾਸਤੇ ਰੁਪਏ ਲਿਆਂਦੇ ਹਨ, ਉਨ੍ਹਾਂ ਨੂੰ ਭੇਟ ਕਰਨੇ ਹਨ - ਉਨ੍ਹਾਂ ਨੂੰ ਮੇਰੇ ਆਉਣ ਦਾ ਪਤਾ ਹੀ ਨਹੀਂ : ਇਹ ਰੋਕ ਕਿਸੇ ਹੋਰ ਵਾਸਤੇ ਹੋਵੇਗੀ - ਮੇਰੇ ਵਾਸਤੇ ਨਹੀਂ।

ਬਾਬੂ ਜੀ ਉਸ ਸੱਜਣ ਨੂੰ ਉਥੇ ਹੀ ਖੜ੍ਹਾ ਕਰਕੇ ਉਪਰ ਆਏ ਤੇ ਸੰਤਾਂ ਪਾਸੋਂ ਪੁਛ ਕੀਤੀ ਤਾਂ ਉਤਰ ਵਿਚ ਉਨ੍ਹਾਂ ਨੇ ਕਿਹਾ ਕਿ ਅਸੀਂ ਇਸੇ ਆਦਮੀ ਨੂੰ ਉਪਰ ਆਉਣ ਤੋਂ ਰੋਕਿਆ ਹੈ। ਕਾਰਨ ਇਹ ਹੈ ਕਿ ਇਹ ਜੋ ਮਾਇਆ ਲਿਆਇਆ ਹੈ, ਇਹ ਇਸ ਦੀ ਕਿਰਤ-ਕਮਾਈ ਦੀ ਨਹੀਂ, ਵੱਲ-ਛੱਲ ਕਰਕੇ

ਇਕੱਠੀ ਕੀਤੀ ਹੋਈ ਹੈ, ਇਹ ਡੇਰੇ ਵਿਚ ਨਹੀਂ ਵਰਤੀ ਜਾਏਗੀ। ਉਸ ਨੂੰ ਜਾ ਕੇ ਕਹਿ ਦਿਓ ਕਿ ਉਪਰ ਨ ਆਵੇ। ਆਪਣੀ ਮਾਇਆ ਵਾਪਸ ਲੈ ਜਾਵੇ।

ਸੰਤਾਂ ਦੀ ਕਰਨੀ-ਕਮਾਈ ਅਤੇ ਭਜਨ-ਪ੍ਰਤਾਪ ਸਦਕਾ ਉਨ੍ਹਾਂ ਦਾ ਜੱਸ ਦੂਰ ਨੇੜੇ ਬੜਾ ਫੈਲਿਆ ਹੋਇਆ ਸੀ ਅਤੇ ਕੋਈ ਉਨ੍ਹਾ ਅੱਗੇ ਬੋਲਣ ਦਾ ਹੀਆ ਨਹੀਂ ਸੀ ਕਰ ਸਕਦਾ। ਉਹ ਸਜਣ ਬਾਬੂ ਜੀ ਦੀ ਗਲ ਸੁਣ ਕੇ ਰੁਪਿਆਂ ਸਮੇਤ ਘਰ ਵਾਪਸ ਚਲਾ ਗਿਆ। ਪਰ ਸੰਤਾਂ ਦੀ ਕਥਨੀ ਦਾ ਉਸ ਉਪਰ ਐਸਾ ਅਸਰ ਹੋਇਆ ਕਿ ਉਸ ਨੇ ਆਪਣਾ ਵਿਓਹਾਰ ਸ਼ੁਧ ਕਰ ਲਿਆ। ਸਹਿਜਧਾਰੀ ਤੋਂ ਅੰਮ੍ਰਿਤਧਾਰੀ ਸਿੰਘ ਸੱਜ ਗਿਆ ਤੇ ਮਗਰੋਂ ਸੰਤਾਂ ਦੀ ਸੰਗਤ ਵਿਚ ਰਹਿੰਦੀ ਆਯੂ ਵਾਹਿਗੁਰੂ ਦੇ ਨਾਮ ਅਤੇ ਸੇਵਾ ਵਿਚ ਸੁਹਣੀ ਤਰ੍ਹਾਂ ਗੁਜਾਰਨ ਲੱਗ ਪਿਆ।

ਦਸਣ ਤੋਂ ਭਾਵ, ਕਰਨੀ-ਕਮਾਈ ਵਾਲੇ ਮਹਾਂਪੁਰਸ਼, ਗੁਰੂ ਦਰਸਾਏ ਰਾਹ ਉਤੇ ਤੁਰਨ ਵਾਲੇ ਹੀ ਹੌਂਸਲਾ ਕਰ ਕੇ ਅਧਰਮ ਦੀ ਕਮਾਈ ਨੂੰ ਪਰਵਾਨ ਨਹੀਂ ਕਰਦੇ।

ਪਰ ਅੱਜ ! ਸਾਡੇ ਧਰਮ ਅਸਥਾਨਾਂ ਨੂੰ, ਧਰਮ ਕਾਰਜਾਂ ਲਈ ਦਿਤੀ ਜਾਣ ਵਾਲੀ ਮਾਇਆ (ਚੜ੍ਹਾਵੇ ਆਦਿ) ਦੀ ਕੌਣ ਪਰਖ ਕਰਦਾ ਹੈ ਕਿ ਦੁੱਧ ਹੈ ਜਾਂ ਲਹੂ ? ਕਿਸ ਕੋਲ ਇਤਨਾ

ਸਮਾਂ ਹੈ ਜਾਂ ਇਤਨੀ ਦਲੇਰੀ ਹੈ ਜੋ ਪੁਛੇ... ?

ਦਰਅਸਲ, ਅੱਜ ਅਸੀਂ ਮਲਕ ਭਾਗੋ ਅਤੇ ਭਾ: ਲਾਲੋ ਵਾਲੀ ਸਾਖੀ ਕੇਵਲ ਸੁਣ ਅਤੇ ਸੁਣਾ ਹੀ ਸਕਦੇ ਹਾਂ। ਇਸ ਸਾਖੀ ਵਿਚੋਂ ਮਿਲਦੀ ਸਿਖਿਆ ਨੂੰ ਆਪੋ ਆਪਣੇ ਜੀਵਨ ਵਿਚ ਅਪਣਾਉਣ ਦੀ ਲੋੜ, ਹਾਲਾਂ ਸ਼ਾਇਦ ਸਾਨੂੰ ਨਹੀਂ ਜਾਪਦੀ। ਇਹੋ ਕਾਰਨ ਹੈ ਕਿ ਅਸੀਂ ਸੱਚੀ-ਕਿਰਤ, ਸੁਚੀ ਕਿਰਤ, ਹੱਕ ਦੀ ਕਮਾਈ, ਨੇਕ ਕਮਾਈ, ਦਸਾਂ ਨੁੰਹਾਂ ਦੀ ਕਮਾਈ ਵਲ ਧਿਆਨ ਹੀ ਨਹੀ ਦੇਂਦੇ ਅਤੇ ਜਿਥੇ ਆਪਣਾ ਕੀਮਤੀ ਮਨੁੱਖਾਂ ਜਨਮ ਗਲਤ ਕਮਾਈ ਨਾਲ ਆਪਣਾ ਮਨ ਮੈਲਾ-ਕਰ ਅੰਞਾਈ ਗਵਾ ਰਹੇ ਹਾਂ ਉਥੇ ਇਸ ਹਰਾਮ ਦੀ ਕਮਾਈ ਨਾਲ ਆਪੋ ਆਪਣੇ ਬਚਿਆਂ-ਪਰਿਵਾਰਾਂ ਦਾ ਪਾਲਣ-ਪੋਸ਼ਣ ਕਰ-ਕਰ ਕੇ ਉਨ੍ਹਾਂ ਦੀ ਮੱਤ ਵੀ ਮਲੀਨ ਕਰਨ ਦੇ ਭਾਗੀ (ਦੋਸ਼ੀ) ਬਣ ਰਹੇ ਹਾਂ।

ਇਥੇ ਹੀ ਬਸ ਨਹੀਂ ਸਗੋਂ *''ਵਿਗੜੇ ਚਾਟਾ ਦੁਧ ਦਾ, ਕਾਂਜੀ ਦੀ ਚੁਖੈ''* ਦੇ ਮਹਾਵਾਕ ਅਨੁਸਾਰ ਗੁਰਧਾਮਾਂ ਅੰਦਰ ਵੀ ਇਸ ਹਰਾਮ ਦੀ ਕਮਾਈ ਨੂੰ ਦੇ ਕੇ, ਉਥੇ ਆਈ ਨੇਕ-ਕਮਾਈ ਨੂੰ ਵੀ ਵਿਗਾੜਨ ਦੇ ਬੜੇ ਵੱਡੇ ਦੋਸ਼ੀ (ਪਾਪੀ) ਬਣ ਰਹੇ ਹਾਂ ਜਿਵੇਂ ਕਾਂਜੀ ਦੀ ਇਕ ਛਿੱਟ (ਕਤਰਾ) ਦੁੱਧ ਨਾਲ ਭਰੇ ਭਾਂਡੇ ਨੂੰ ਵਿਗਾੜ ਦੇਂਦੀ ਹੈ, ਖਰਾਬ ਕਰ ਦੇਂਦੀ ਹੈ।

# ਜੈਸਾ ਅੰਨ-ਤੈਸਾ ਮਨ

'ਜੈਸਾ ਅੰਨ ਤੈਸਾ ਮਨ' ਅਨੁਸਾਰ ਗਲਤ ਕਮਾਈ ਦੇ ਪਦਾਰਥਾਂ ਦਾ ਜੋ ਨੇਕ ਮਨਾਂ ਉਤੇ ਅਸਰ ਪੈਂਦਾ ਹੈ ਉਸ ਦੀ ਇਕ ਉਦਾਹਰਣ ਦੇ ਕੇ ਗਲ ਖ਼ਤਮ ਕਰਦੇ ਹਾਂ :-

ਗੁਰਦੁਆਰਾ ਪੰਜਾ ਸਾਹਿਬ (ਪਾਕਿਸਤਾਨ) ਵਿਚ ਇਕ ਸਮੇਂ ਗਿਆਨੀ... ਸਿੰਘ ਜੀ ਕਥਾ ਕਰਿਆ ਕਰਦੇ ਸਨ। ਉਹ ਚੰਗੇ ਨਾਮ ਬਾਣੀ ਦੇ ਰਸੀਏ ਅਤੇ ਨਾਮ ਅਭਿਆਸੀ ਸਿੰਘ ਸਨ। ਕਦੀ ਕਦਾਈ ਉਹ ਗੁਰਦੁਆਰਾ ਸਾਹਿਬ ਤੋਂ ਛੁਟੀ ਲੈ ਕੇ ਦੂਰ ਨੇੜੇ ਸ਼ਹਿਰਾਂ ਅਤੇ ਨਗਰਾਂ ਵਿਚ ਧਰਮ ਪ੍ਰਚਾਰ ਦੀ ਭਾਵਨਾ ਨਾਲ ਜਾਇਆ ਕਰਦੇ ਸਨ।

ਇਨਾਂ ਲਾਈਨਾਂ ਦੇ ਲੇਖਕ ਦੇ ਨਗਰ (ਪਾਕਿਸਤਾਨ ਵਿਚ) ਜਦ ਉਹ ਆਉਂਦੇ ਤਾਂ ਨਗਰ ਵਾਸੀ ਵਾਰੋ ਵਾਰੀ ਉਨ੍ਹਾਂ ਨੂੰ ਆਪੋ ਆਪਣੇ ਘਰੀਂ ਬੜੇ ਪਿਆਰ ਤੇ ਸ਼ਰਧਾ ਨਾਲ ਪ੍ਰਸ਼ਾਦਾ ਛਕਾਉਂਦੇ। ਪ੍ਰਸ਼ਾਦਾ ਛਕਾਉਣ ਵਾਲਿਆਂ ਦੀ ਲਿਸਟ ਉਨ੍ਹਾ ਦੇ ਆਉਣ ਤੇ ਝਟ ਬਣ ਜਾਇਆ ਕਰਦੀ ਸੀ।

ਲੇਖਕ ਦੇ ਪਿਤਾ ਜੀ ਨਾਲ ਉਨ੍ਹਾਂ ਗਿਆਨੀ ਜੀ ਦਾ ਚੰਗਾ ਸਨੇਹ ਸੀ ਤੇ ਕਈ ਵਾਰ ਉਹ ਸ਼ਾਮ ਨੂੰ ਇਕੱਠੇ ਸੈਰ ਕਰਨ ਜਾਇਆ ਕਰਦੇ ਹੁੰਦੇ ਸਨ।

ਇਕ ਦਿਨ ਗਿਆਨੀ ਜੀ ਦਾਸ ਦੇ ਪਿਤਾ ਨੂੰ ਭਰੋਸੇ ਵਿਚ ਲੈ ਕੇ ਬੇਨਤੀ ਰੂਪ ਵਿਚ ਸਹਾਇਤਾ ਕਰਨ ਲਈ ਗਲ ਮਨਵਾ ਕੇ ਕਹਿਣ ਲੱਗੇ ਕਿ ਬੀਤੀ ਰਾਤ ਮੈਂ ਕਾਫ਼ੀ ਔਖੇ ਰਹਿ ਕੇ ਗੁਜ਼ਾਰੀ... ਨ ਨੀਂਦ ਠੀਕ ਪਈ ਅਤੇ ਨਾਂਹ ਹੀ ਅੰਮ੍ਰਿਤ ਵੇਲੇ ਸਿਮਰਨ ਅਤੇ ਬਾਣੀ ਵਿਚ ਮਨ ਲੱਗਾ... ਜਿਸ ਕਰਕੇ ਮੇਰਾ ਮਨ ਬੜਾ ਉਦਾਸ ਹੈ... ਮੈਨੂੰ ਪ੍ਰਤੀਤ ਹੁੰਦਾ ਹੈ ਕਿ ਕਲ ਜਿਸ ਘਰ ਪ੍ਰਸ਼ਾਦਾ ਛਕਿਆ ਸੀ ਉਸ ਸਜਨ ਦੀ ਕਿਰਤ ਠੀਕ ਨਹੀਂ ... ਇਹ ਗਲ ਕਿਸੇ ਹੋਰ ਤੋਂ ਮੈਨੂੰ ਸਪਸ਼ਟ ਹੋ ਚੁੱਕੀ ਹੈ...।

ਉਨ੍ਹਾਂ ਕਿਹਾ ਤੁਸੀਂ ਮੇਰੇ ਮਿਤਰ ਹੋ... ਇਥੋਂ ਦੇ ਵਾਸੀ ਹੋਣ ਕਾਰਨ ਬਹੁਤ ਸਾਰਿਆਂ ਦੀ ਕਿਰਤ ਬਾਰੇ ਵੀ ਤੁਸੀਂ ਜਾਣਦੇ ਹੋ ਕਿ ਕੈਸੀ ਹੈ ? ਜਿ ਇਸ ਕਲ ਵਾਲੇ ਸਜਣ ਦੀ ਕਮਾਈ ਵਰਗੇ ਕਿਸੇ ਹੋਰ ਸਜਨ ਬਾਰੇ ਆਪ ਨੂੰ ਪਤਾ ਹੋਵੇ, ਜਿਸ ਦੇ ਘਰ ਮੈਂ ਅਗੋਂ ਬਣੀ ਹੋਈ ਲਿਸਟ ਅਨੁਸਾਰ ਪ੍ਰਸ਼ਾਦਾ ਛਕਣਾ ਹੈ, ਤਾਂ ਆਪ ਅਗੇਤਰੇ ਇਸ਼ਾਰਤਨ ਦਸ ਦਿਆ ਕਰੋ ਤਾਂ ਮੈਂ ਇਸ ਭੇਤ (ਰਾਜ਼) ਨੂੰ ਗੁਪਤ ਰਖਣ ਦਾ ਜਿਥੇ ਪ੍ਰਣ ਕਰਦਾ ਹਾਂ ਉਥੇ ਕੋਈ ਨ ਕੋਈ ਕਾਰਨ ਦਸ ਕੇ ਮੈਂ ਉਸ ਦਿਨ ਪ੍ਰਸ਼ਾਦਾ ਛਕਿਆ ਹੀ ਨਹੀਂ ਕਰਾਂਗਾ। ਤੇ ਇਸ ਤਰ੍ਹਾਂ ਉਸ ਪ੍ਰਸ਼ਾਦਾ ਛਕਾਉਣ ਵਾਲੇ ਦੀ ਵਾਰੀ ਬਿਨਾਂ ਛਕਾਏ ਟਪ ਜਾਏਗੀ ਤੇ ਉਸ ਨੂੰ ਅਸਲ

ਕਾਰਨ ਦਾ ਵੀ ਪਤਾ ਨਹੀਂ ਲੱਗੇਗਾ ਤੇ ਮੇਰੇ ਮਨ ਦੀ ਅਵਸਥਾ ਵੀ ਡਿਗਣ ਤੋਂ ਬਚ ਜਾਏਗੀ... ਇਸ ਲਈ ਮੈਂ ਆਪ ਦਾ ਬੜਾ ਧੰਨਵਾਦੀ ਹੋਵਾਂਗਾ... ਆਦਿ।

ਇਸ ਤੋਂ ਭਾਵ ਇਹ ਹੈ ਕਿ ਜਿਨ੍ਹਾਂ ਨੇ ਭਜਨ ਸਿਮਰਨ ਦੁਆਰਾ ਅਤੇ ਗੁਰਬਾਣੀ ਅਨੁਸਾਰ ਆਪਣੇ ਮਨ ਨੂੰ ਸਾਧਿਆ ਹੈ ਜਾਂ ਸਾਧ ਰਹੇ ਹਨ, ਆਪਣੀ ਮੈਲ ਧੋ ਰਹੇ ਹਨ, ਗਲਤ ਕਮਾਈ ਦਾ ਮਾੜਾ ਅਸਰ ਪੈਂਦਿਆਂ ਉਨ੍ਹਾਂ ਨੂੰ ਝੱਟ ਪ੍ਰਤੀਤ ਹੋਣ ਲੱਗ ਜਾਂਦਾ ਹੈ ਅਤੇ ਇਸ ਕਮਾਈ ਤੋਂ ਪ੍ਰਹੇਜ਼ ਕਰਨ ਦਾ ਉਪਾਅ ਵੀ ਉਹ ਲੱਭ ਲੈਂਦੇ ਹਨ। ਪਰ ਸਾਡੇ ਵਰਗੇ ਬੰਦੇ ਜਿਨ੍ਹਾਂ ਦੇ ਮਨ ਗਲਤ ਕੰਮ ਕਰ-ਕਰ ਕੇ ਜਾਂ ਝੂਠ-ਚਲਾਕੀਆਂ ਕਰ-ਕਰ ਕੇ ਕਠੋਰ ਹੋ ਚੁਕੇ ਹਨ ਉਨ੍ਹਾਂ ਉਤੇ ਕੀ ਅਸਰ ਹੋਣਾ ਹੈ? ਉਨ੍ਹਾਂ ਹੱਕ ਜਾਂ ਨਾ ਹੱਕ ਬਾਰੇ ਕੀ ਸੋਚਣਾ ਹੈ ਜਾਂ ਕੀ ਵੀਚਾਰਨਾ ਹੈ, ਜਦ ਕਿ ਉਨ੍ਹਾਂ ਦੀ ਬਿਰਤੀ ਭੱਖ-ਅਭੱਖ ਖਾਣ ਵਿਚ ਕੋਈ ਫ਼ਰਕ ਹੀ ਨਹੀ ਸਮਝਦੀ।

ਨੋਟ : ਇਹ ਟ੍ਰੈਕਟ ਨੰ: 73 'ਕਿਰਤ ਅਤੇ ਦਾਨ' ਜੁਲਾਈ 1992 ਵਿਚ ਪਹਿਲੀ ਵਾਰ ਬਰੀਕ ਟਾਈਪ ਵਿਚ ਛਪਿਆ ਸੀ। ਹੁਣ ਇਸ ਨੂੰ ਦੁਬਾਰਾ ਮੋਟੇ ਅੱਖਰਾਂ ਵਿਚ ਛਾਪਣ ਦਾ ਉਪਰਾਲਾ ਗੁਰੂ ਕਿਰਪਾ ਨਾਲ ਹੋਇਆ ਹੈ। ਮੋਟੇ ਅੱਖਰਾਂ ਕਰਕੇ ਇਕ ਹਿੱਸਾ ਹੀ ਛਪ ਸਕਿਆ ਹੈ। ਬਾਕੀ ਦੂਜੇ ਭਾਗ ਦਾ ਵੱਖਰਾ ਟ੍ਰੈਕਟ ਛਪੇਗਾ।

ਪ੍ਰਾਰਥਕ

# ਬੇਨਤੀਆ

ਧਰਮ ਪ੍ਰਚਾਰ ਦੀ ਰੁਚੀ ਰਖਣ ਵਾਲੇ ਵੀਰਾਂ ਭੈਣਾਂ ਨੂੰ ਬੇਨਤੀ ਹੈ ਕਿ ਉਹ ਵੀ ਆਪਣੀ ਸੱਚੀ-ਸੁਚੀ ਕਿਰਤ ਵਿਚੋਂ ਇਸ ਤਰ੍ਹਾਂ ਦੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ ਤੇ ਪੁਸਤਕਾਂ ਮੰਗਵਾ ਕੇ ਜਿਥੇ ਆਪ ਪੜ੍ਹਨ ਉਥੇ ਆਪੋ ਆਪਣੇ ਸਾਕ-ਸਨੇਹੀਆਂ ਨੂੰ ਪੜ੍ਹਨ ਹਿਤ ਦੇਣ। ਇਸ ਤਰ੍ਹਾਂ ਕਰਨ ਨਾਲ ਧਰਮ ਪ੍ਰਚਾਰ ਦਾ ਜਿਥੇ ਵਾਧਾ ਹੋਵੇਗਾ ਉਥੇ ਆਪਣੇ ਹਥੀਂ ਖਰਚ ਕੀਤੀ ਮਾਇਆ ਵੀ ਸਫ਼ਲੀ ਹੋਵੇਗੀ।

ਡਾਕ ਰਾਹੀਂ ਮੰਗਵਾਉਣ ਲਈ ਮਨੀ ਆਰਡਰ ਜਾਂ ਬੈਂਕ ਡਰਾਫ਼ਟ ਸ: ਦੀਦਾਰ ਸਿੰਘ, C-129, ਵਿਕਾਸ ਕਾਲੋਨੀ, ਪਟਿਆਲਾ 147003 ਨੂੰ ਭੇਜਿਆ ਜਾਏ।

ਦਸਤੀ ਆ ਕੇ ਲੈਣ ਲਈ *ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗੁਰਬਖਸ਼ ਕਾਲੋਨੀ, ਗਲੀ ਨੰ: 6* ਵਿਚੋਂ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਜਾਂ ਸ: *ਚਰਨ ਸਿੰਘ ਐਂਡ ਸੰਨਜ਼, ਸ਼ੇਰੇ ਪੰਜਾਬ ਮਾਰਕੀਟ* ਤੋਂ ਆ ਕੇ ਲੈ ਸਕਦੇ ਹਨ। ਭੇਟਾ 50/- ਰੁ: ਸੈਂਕੜਾ ਹੈ।

ਪ੍ਰੇਮ ਭੇਟਾ ਵਲੋਂ :-